ਕੀ ਤੁਸੀਂ ਕੋਕਲੀਅਰ ਇੰਪਲਾਂਟ ਬਾਰੇ ਸੋਚ ਰਹੇ ਹੋ?

ਇਹ ਗਾਈਡ ਉਹਨਾਂ ਬਾਲਗਾਂ ਲਈ ਹੈ ਜੋ ਸੋਚ ਰਹੇ ਹਨ ਕਿ ਕੀ ਕੋਕਲੀਅਰ ਇੰਪਲਾਂਟ ਉਹਨਾਂ ਦੀ ਮਦਦ ਕਰ ਸਕਦਾ ਹੈ।

ਕੋਕਲੀਅਰ ਇੰਪਲਾਂਟ ਕੀ ਹੈ?


ਕੋਕਲੀਅਰ ਇੰਪਲਾਂਟ ਸੁਣਨ ਵਿੱਚ ਮਦਦ ਕਰਨ ਵਾਲਾ ਇੱਕ ਯੰਤਰ ਹੈ। ਇਹ ਉਹਨਾਂ ਲੋਕਾਂ ਲਈ ਹੈ ਜਿਨ੍ਹਾਂ ਦੀ ਸੁਣਨ ਸ਼ਕਤੀ ਗੰਭੀਰ ਜਾਂ ਬਹੁਤ ਗੰਭੀਰ ਰੂਪ ਵਿੱਚ ਘੱਟ ਹੈ ਅਤੇ ਜਿਨ੍ਹਾਂ ਨੂੰ ਹੀਅਰਿੰਗ ਏਡ ਨਾਲ ਕਾਫ਼ੀ ਫ਼ਾਇਦਾ ਨਹੀਂ ਹੁੰਦਾ।

ਇਹ ਹੀਅਰਿੰਗ ਏਡ ਤੋਂ ਵੱਖਰੇ ਤਰੀਕੇ ਨਾਲ ਕੰਮ ਕਰਦਾ ਹੈ। ਆਵਾਜ਼ ਨੂੰ ਉੱਚਾ ਕਰਨ ਦੀ ਬਜਾਏ, ਇਹ ਆਵਾਜ਼ ਨੂੰ ਅਜਿਹੇ ਸੰਕੇਤਾਂ ਵਿੱਚ ਬਦਲ ਦਿੰਦਾ ਹੈ ਜੋ ਸਿੱਧੇ ਸੁਣਨ ਵਾਲੀ ਨਾੜੀ (hearing nerve) ਤੱਕ ਪਹੁੰਚਦੇ ਹਨ।

ਕੋਕਲੀਅਰ ਇੰਪਲਾਂਟ ਦੇ ਦੋ ਮੁੱਖ ਹਿੱਸੇ ਹੁੰਦੇ ਹਨ:

- **ਅੰਦਰੂਨੀ ਇੰਪਲਾਂਟ** – ਇਸ ਨੂੰ ਸਰਜਰੀ ਦੌਰਾਨ ਚਮੜੀ ਦੇ ਹੇਠਾਂ ਲਗਾਇਆ ਜਾਂਦਾ ਹੈ। ਇਸ ਵਿੱਚ ਇੱਕ ਬਾਰੀਕ ਤਾਰ (electrode) ਹੁੰਦੀ ਹੈ ਜੋ ਅੰਦਰੂਨੀ ਕੰਨ ਵਿੱਚ ਰਹਿੰਦੀ ਹੈ ਅਤੇ ਸੰਕੇਤਾਂ ਨੂੰ ਸੁਣਨ ਵਾਲੀ ਨਾੜੀ ਤੱਕ ਭੇਜਦੀ ਹੈ।

- **ਬਾਹਰੀ ਸਾਊਂਡ ਪ੍ਰੋਸੈਸਰ** – ਇਸ ਨੂੰ ਹੀਅਰਿੰਗ ਏਡ ਵਾਂਗ ਕੰਨ ਦੇ ਪਿੱਛੇ ਪਹਿਨਿਆ ਜਾਂਦਾ ਹੈ। ਇਸ ਵਿੱਚ ਇੱਕ ਚੁੰਬਕ (magnet) ਹੁੰਦਾ ਹੈ ਜੋ ਇੰਪਲਾਂਟ ਨਾਲ ਜੁੜ ਜਾਂਦਾ ਹੈ।





ਕੀ ਕੋਕਲੀਅਰ ਇੰਪਲਾਂਟ ਮੇਰੇ ਲਈ ਸਹੀ ਹੈ?

ਇਹ ਤੁਹਾਡੇ ਲਈ ਠੀਕ ਹੋ ਸਕਦਾ ਹੈ ਜੇ ਤੁਹਾਨੂੰ:

- ਦੋਵਾਂ ਕੰਨਾਂ ਵਿੱਚ ਗੰਭੀਰ ਜਾਂ ਬਹੁਤ ਗੰਭੀਰ ਸੁਣਨ ਦੀ ਸਮੱਸਿਆ ਹੈ
- ਚੰਗੀ ਤਰ੍ਹਾਂ ਫਿੱਟ ਕੀਤੇ ਹੀਅਰਿੰਗ ਏਡ ਦੇ ਬਾਵਜੂਦ ਗੱਲ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ – ਖ਼ਾਸ ਕਰਕੇ ਫ਼ੋਨ 'ਤੇ ਜਾਂ ਸਮੂਹ ਵਿੱਚ ਗੱਲਬਾਤ ਕਰਦੇ ਸਮੇਂ

ਜਿਨ੍ਹਾਂ ਲੋਕਾਂ ਨੂੰ ਕੋਕਲੀਅਰ ਇੰਪਲਾਂਟ ਲੱਗਦਾ ਹੈ, ਉਹ ਆਮ ਤੌਰ 'ਤੇ ਦੱਸਦੇ ਹਨ ਕਿ:

- ਉਹ ਬੁੱਲ੍ਹ ਪੜ੍ਹਨ (lip-reading) 'ਤੇ ਘੱਟ ਨਿਰਭਰ ਰਹਿੰਦੇ ਹਨ
- ਗੱਲਬਾਤ ਸਮਝਣੀ ਆਸਾਨ ਹੋ ਜਾਂਦੀ ਹੈ, ਖ਼ਾਸ ਕਰਕੇ ਆਹਮੋ-ਸਾਹਮਣੇ
- ਉਹ ਅਜਿਹੀਆਂ ਆਵਾਜ਼ਾਂ ਸੁਣ ਸਕਦੇ ਹਨ ਜੋ ਉਹ ਪਹਿਲਾਂ ਨਹੀਂ ਸੁਣ ਸਕਦੇ ਸਨ, ਜਿਵੇਂ ਪੰਛੀਆਂ ਦੀ ਚਹਿਚਹਾਟ, ਕਦਮਾਂ ਦੀ ਆਵਾਜ਼ ਜਾਂ ਅਲਾਰਮ

ਜੇ ਮੈਂ ਹੋਰ ਜਾਣਕਾਰੀ ਲੈਣੀ ਚਾਹਾਂ ਤਾਂ ਕੀ ਹੋਵੇਗਾ?

ਕੋਕਲੀਅਰ ਇੰਪਲਾਂਟ ਦੀ ਜਾਂਚ (assessment) ਲਈ ਭੇਜੇ ਜਾਣ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਇੰਪਲਾਂਟ ਲਗਵਾਉਣਾ ਹੀ ਪਵੇਗਾ। ਇਹ ਸਿਰਫ਼ ਇਹ ਜਾਣਨ ਦਾ ਮੌਕਾ ਹੈ ਕਿ ਕੀ ਇਹ ਤੁਹਾਡੇ ਲਈ ਠੀਕ ਹੈ।

1. ਪਹਿਲੀ ਮੁਲਾਕਾਤ

ਤੁਸੀਂ ਕੋਕਲੀਅਰ ਇੰਪਲਾਂਟ ਟੀਮ ਦੇ ਕੁਝ ਮੈਂਬਰਾਂ ਨੂੰ ਮਿਲੋਗੇ। ਉਹ ਤੁਹਾਡੀ ਸੁਣਨ ਸ਼ਕਤੀ ਦੀ ਜਾਂਚ ਕਰਨਗੇ, ਅਤੇ ਤੁਹਾਡੀ ਸੁਣਨ ਦੀ ਸਮੱਸਿਆ ਬਾਰੇ ਅਤੇ ਤੁਸੀਂ ਇੰਪਲਾਂਟ ਤੋਂ ਕੀ ਉਮੀਦ ਰੱਖਦੇ ਹੋ, ਇਸ ਬਾਰੇ ਗੱਲ ਕਰਨਗੇ।

2. ਹੋਰ ਜਾਂਚ

ਜੇ ਪਹਿਲੀ ਮੁਲਾਕਾਤ ਤੋਂ ਲੱਗੇ ਕਿ ਇੰਪਲਾਂਟ ਤੁਹਾਡੇ ਲਈ ਠੀਕ ਹੋ ਸਕਦਾ ਹੈ, ਤਾਂ ਤੁਹਾਨੂੰ ਹੋਰ ਅਪਾਇੰਟਮੈਂਟਾਂ ਲਈ ਬੁਲਾਇਆ ਜਾਵੇਗਾ। ਇਹਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਸੁਣਨ ਦੇ ਹੋਰ ਟੈਸਟ
- ਸਕੈਨ (ਜਿਵੇਂ MRI ਜਾਂ CT)
- ਮਾਹਿਰਾਂ ਨਾਲ ਮੁਲਾਕਾਤ, ਜਿਵੇਂ ਆਡੀਓਲੋਜਿਸਟ, ਰੀਹੈਬਿਲੀਟੇਸ਼ਨ ਮਾਹਿਰ ਅਤੇ ਸਰਜਨ

3. ਫ਼ੈਸਲਾ ਲੈਣਾ

ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਮਿਲੇਗੀ ਕਿ ਕੋਕਲੀਅਰ ਇੰਪਲਾਂਟ ਤੁਹਾਡੇ ਲਈ ਠੀਕ ਹੈ ਜਾਂ ਨਹੀਂ। ਕੋਈ ਕਾਹਲ ਨਹੀਂ – ਤੁਸੀਂ ਆਪਣਾ ਸਮਾਂ ਲੈ ਸਕਦੇ ਹੋ। ਤੁਸੀਂ ਹੁਣ ਨਾਂਹ ਵੀ ਕਰ ਸਕਦੇ ਹੋ ਅਤੇ ਬਾਅਦ ਵਿੱਚ ਆਪਣਾ ਫ਼ੈਸਲਾ ਬਦਲ ਸਕਦੇ ਹੋ।

ਹੋਰ ਕੀ ਜਾਣਨਾ ਜ਼ਰੂਰੀ ਹੈ?

• ਸਰਜਰੀ ਆਮ ਤੌਰ 'ਤੇ ਸਧਾਰਨ ਹੁੰਦੀ ਹੈ ਅਤੇ ਜਨਰਲ ਐਨੇਸਥੀਸੀਆ (ਅਜਿਹੀ ਦਵਾਈ ਜੋ ਤੁਹਾਨੂੰ ਸੁਲਾ ਦਿੰਦੀ ਹੈ) ਹੇਠ ਕੀਤੀ ਜਾਂਦੀ ਹੈ।

o ਕਦੇ-ਕਦੇ ਇਹ ਲੋਕਲ ਐਨੇਸਥੀਸੀਆ (ਜਦੋਂ ਤੁਸੀਂ ਜਾਗਦੇ ਰਹਿੰਦੇ ਹੋ) ਹੇਠ ਵੀ ਕੀਤੀ ਜਾ ਸਕਦੀ ਹੈ। ਇਸ ਬਾਰੇ ਆਪਣੇ ਸਰਜਨ ਨਾਲ ਗੱਲ ਕਰੋ।

• ਜ਼ਿਆਦਾਤਰ ਬਾਲਗਾਂ ਨੂੰ NHS ਰਾਹੀਂ ਇੱਕ ਇੰਪਲਾਂਟ ਲਗਾਇਆ ਜਾਂਦਾ ਹੈ (ਜੇ ਤੁਸੀਂ ਬੋਲੇ ਅਤੇ ਨੇਤਰਹੀਣ ਦੋਵੇਂ ਹੋ, ਤਾਂ ਦੋ ਇੰਪਲਾਂਟ ਲਗਾਏ ਜਾਂਦੇ ਹਨ)।

• ਸਰਜਰੀ ਤੋਂ ਬਾਅਦ, ਤੁਹਾਨੂੰ ਫਾਲੋ-ਅੱਪ ਅਪਾਇੰਟਮੈਂਟਾਂ ਲਈ ਆਉਣਾ ਪਵੇਗਾ ਅਤੇ ਇੰਪਲਾਂਟ ਨਾਲ ਸੁਣਨਾ ਸਿੱਖਣ ਲਈ ਮਦਦ ਲੈਣੀ ਪਵੇਗੀ – ਇਸ ਵਿੱਚ ਸਮਾਂ, ਮਿਹਨਤ ਅਤੇ ਅਭਿਆਸ ਲੱਗਦਾ ਹੈ।

• ਹਰ ਕਿਸੇ ਦਾ ਤਜਰਬਾ ਵੱਖਰਾ ਹੁੰਦਾ ਹੈ। ਸ਼ੁਰੂ ਵਿੱਚ ਆਵਾਜ਼ ਅਜੀਬ, ਰੋਬੋਟ ਵਰਗੀ ਜਾਂ ਗੂੰਜਦੀ ਹੋਈ ਲੱਗ ਸਕਦੀ ਹੈ। ਇਹ ਆਮ ਗੱਲ ਹੈ।

ਸਮੇਂ ਦੇ ਨਾਲ, ਦਿਮਾਗ਼ ਨਵੀਂ ਆਵਾਜ਼ ਨੂੰ ਸਮਝਣਾ ਸਿੱਖ ਜਾਂਦਾ ਹੈ। ਬਹੁਤ ਸਾਰੇ ਲੋਕ ਦੱਸਦੇ ਹਨ ਕਿ ਅਭਿਆਸ ਨਾਲ ਬੋਲੀ ਹੋਰ ਸਾਫ਼ ਅਤੇ ਕੁਦਰਤੀ ਸੁਣਾਈ ਦੇਣ ਲੱਗਦੀ ਹੈ।

• ਸ਼ੋਰ ਵਾਲੀਆਂ ਥਾਵਾਂ 'ਤੇ ਸੁਣਨਾ ਥੋੜ੍ਹਾ ਮੁਸ਼ਕਲ ਹੋ ਸਕਦਾ ਹੈ, ਪਰ ਸਮੇਂ ਦੇ ਨਾਲ ਇਹ ਆਸਾਨ ਹੋ ਜਾਂਦਾ ਹੈ।

ਕੋਕਲੀਅਰ ਇੰਪਲਾਂਟ ਨਾਲ ਰੋਜ਼ਾਨਾ ਜੀਵਨ

• **ਫ਼ੋਨ ਅਤੇ ਸੰਗੀਤ** – ਜ਼ਿਆਦਾਤਰ ਪ੍ਰੋਸੈਸਰ ਬਲੂਟੁੱਥ ਜਾਂ ਖ਼ਾਸ ਉਪਕਰਨਾਂ ਰਾਹੀਂ ਫ਼ੋਨ, ਟੀਵੀ ਜਾਂ ਸੰਗੀਤ ਨਾਲ ਜੁੜ ਸਕਦੇ ਹਨ। ਬਹੁਤ ਸਾਰੇ ਲੋਕ ਅਭਿਆਸ ਨਾਲ ਫ਼ੋਨ 'ਤੇ ਗੱਲ ਕਰ ਸਕਦੇ ਹਨ ਅਤੇ ਸੰਗੀਤ ਸੁਣ ਸਕਦੇ ਹਨ।

• **ਪਾਣੀ ਅਤੇ ਮੌਸਮ** – ਪ੍ਰੋਸੈਸਰ ਪਾਣੀ-ਰੋਧਕ (water-resistant) ਹੁੰਦੇ ਹਨ ਅਤੇ ਜ਼ਿਆਦਾਤਰ ਲਈ ਵਾਟਰਪਰੂਫ਼ ਕਵਰ ਉਪਲਬਧ ਹੁੰਦਾ ਹੈ। ਤੁਸੀਂ ਇਸ ਬਾਰੇ ਆਪਣੀ ਟੀਮ ਨਾਲ ਗੱਲ ਕਰ ਸਕਦੇ ਹੋ।

• **ਪ੍ਰੋਸੈਸਰ ਪਹਿਨਣਾ** – ਤੁਸੀਂ ਹੀਅਰਿੰਗ ਏਡ ਵਾਂਗ ਦਿਨ ਭਰ ਪ੍ਰੋਸੈਸਰ ਪਹਿਨੋਗੇ। ਨਹਾਉਣ ਅਤੇ ਸੌਣ ਵੇਲੇ ਤੁਸੀਂ ਇਸ ਨੂੰ ਉਤਾਰ ਦਿਓਗੇ।

ਆਮ ਸਵਾਲ

ਕੀ ਸਰਜਰੀ ਤੋਂ ਤੁਰੰਤ ਬਾਅਦ ਮੈਨੂੰ ਸੁਣਨ ਲੱਗ ਪਵੇਗਾ?
ਨਹੀਂ – ਆਮ ਤੌਰ 'ਤੇ ਇੰਪਲਾਂਟ ਨੂੰ 1–4 ਹਫ਼ਤਿਆਂ ਬਾਅਦ, ਜ਼ਖ਼ਮ ਠੀਕ ਹੋਣ 'ਤੇ, ਚਾਲੂ ਕੀਤਾ ਜਾਂਦਾ ਹੈ।

ਕੀ ਇਹ ਦਿਮਾਗ਼ ਦੀ ਸਰਜਰੀ ਹੈ?
ਨਹੀਂ – ਇੰਪਲਾਂਟ ਅੰਦਰੂਨੀ ਕੰਨ ਵਿੱਚ ਲਗਾਇਆ ਜਾਂਦਾ ਹੈ, ਦਿਮਾਗ਼ ਵਿੱਚ ਨਹੀਂ।

ਕੀ ਮੇਰਾ MRI ਸਕੈਨ ਹੋ ਸਕਦਾ ਹੈ?
ਹਾਂ – ਜ਼ਿਆਦਾਤਰ ਆਧੁਨਿਕ ਇੰਪਲਾਂਟ MRI ਲਈ ਸੁਰੱਖਿਅਤ ਹਨ, ਪਰ ਰੇਡੀਓਲੋਜੀ ਟੀਮ ਨੂੰ ਹਮੇਸ਼ਾ ਦੱਸੋ ਕਿ ਤੁਹਾਡੇ ਇੰਪਲਾਂਟ ਲੱਗਾ ਹੋਇਆ ਹੈ।

ਕੀ ਵੱਡੀ ਉਮਰ ਦੇ ਲੋਕ ਇੰਪਲਾਂਟ ਲਗਵਾ ਸਕਦੇ ਹਨ?
ਹਾਂ – 80 ਅਤੇ 90 ਸਾਲ ਦੀ ਉਮਰ ਦੇ ਲੋਕਾਂ ਨੇ ਵੀ ਸਫਲਤਾਪੂਰਵਕ ਇੰਪਲਾਂਟ ਲਗਵਾਏ ਹਨ ਅਤੇ ਉਹਨਾਂ ਨੂੰ ਬਹੁਤ ਚੰਗੇ ਨਤੀਜੇ ਮਿਲੇ ਹਨ।

ਹੋਰ ਜਾਣਕਾਰੀ ਲਈ:

• British Cochlear Implant Group
www.bcig.org.uk

• Hear Together
www.heartogether.org.uk

• National Cochlear Implant Users Association
www.nciua.org.uk